ਮੀਟਿੰਗ ਦੀ ਕਾਰਵਾਈ ਜੋ ਮਿਤੀ 16.6.25 ਨੂੰ Raising and Strengthning of Sunam Dharamgarh Jakhepal (ODR-10) UNDER CRIF SCHEME DURING 2024-25 ਰਕਮ 1799.99 ਲੱਖ ਰੁਪਏ, ਜਮਾਨਤੀ ਰਕਮ ਰੁਪਏ 35.99 ਲੱਖ ਅਤੇ ਸਮਾਂ 06 ਮਹੀਨੇ ਸਬੰਧੀ ਕੀਤੀ ਗਈ।

ਮੁੱਖ ਇੰਜੀਨੀਅਰ (ਸਾਊਥ) ਪੰਜਾਬ ਲੋਕ ਨਿਰਮਾਣ ਵਿਭਾਗ ਬ ਤੇ ਮ ਸ਼ਾਖਾ ਪਟਿਆਲਾ ਦੇ ਪੱਤਰ ਨੰਬਰ 5285-88/ਰੋਡ-1/ਪੀ.ਆਰ. ਮਿਤੀ 11-8-2015 ਅਤੇ ਪੰਜਾਬ ਸਰਕਾਰ, ਵਿੱਤ ਵਿਭਾਗ (ਖਜਾਨਾ ਤੇ ਲੇਖਾ) ਵਿੱਤ ਤੇ ਯੋਜਨਾ ਭਵਨ, ਚੰਡੀਗੜ੍ਹ ਜੀ ਦੇ ਪਿਠਅੰਕਣ ਨੰ: ਟੀ.ਏ.(ਐਮ-1)2022/ਕੰਪਿ: ਨੰ: 336982/4220-25 ਮਿਤੀ 17-6-2022 ਰਾਂਹੀ ਹੇਠ ਲਿਖੇ ਅਧਿਕਾਰੀਆਂ ਦੀ ਕਮੇਟੀ ਹਲਕਾ ਸੰਗਰੂਰ ਦੇ ਕੰਮਾਂ ਦੇ ਟੈਂਡਰਾਂ ਦਾ ਮੁਲਾਂਕਣ ਕਰਨ ਲਈ ਗਠਿਤ ਕੀਤੀ ਗਈ ਹੈ:-

1. ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ, ਲੋਕ ਨਿਰਮਾਣ ਵਿਭਾਗ, ਬ ਤੇ ਮ ਸ਼ਾਖਾ, ਸੰਗਰੂਰ ।
2. ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ, ਲੋਕ ਨਿਰਮਾਣ ਵਿਭਾਗ, ਬ ਤੇ ਮ ਸ਼ਾਖਾ, ਫਰੀਦਕੋਟ ।
3. ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਬ ਤੇ ਮ ਸ਼ਾਖਾ, ਸੰਗਰੂਰ।
4. ਡਿਪਟੀ ਕੰਨਟਰੋਲਰ (ਵਿੱਤ ਤੇ ਲੇਖਾ), ਅੰਦਰੂਨੀ ਪੜਤਾਲ ਸੰਸਥਾ (ਮਾਲ), ਸੰਗਰੂਰ।

Raising and Strengthning of Sunam Dharamgarh Jakhepal (ODR-10) UNDER CRIF SCHEME DURING 2024-25 ਰਕਮ 1799.99 ਲੱਖ ਰੁਪਏ ਦੇ ਟੈਂਡਰ ਪਹਿਲਾਂ ਬਿੱਡ ਨੋਟਿਸ ਨੰ. 32 ਮਿਤੀ 01.01.2025 ਰਾਂਹੀ ਮੰਗ ਗਏ ਸਨ, ਜਿਸ ਦੀਆਂ ਟੈਕਨੀਕਲ ਬਿੱਡਾਂ ਮਿਤੀ 3-4-25 ਨੂੰ ਸਵੇਰੇ 11:00 ਵਜੇ ਖੋਲੀਆਂ ਗਈਆਂ ਸਨ। ਇਸ ਕੰਮ ਲਈ ਹੇਠ ਲਿਖੀਆਂ ਪੰਜ ਏਜੰਸੀਆਂ ਵੱਲੋਂ ਟੈਂਡਰ ਡਾਕੂਮੈਂਟਸ ਅਪਲੋਡ ਕੀਤੇ ਗਏ ਸਨ:-

1. ਮੈ/ਸ: ਬੀ.ਐਸ. ਬਿਲਡਰਜ਼, ਦਿੜਬਾ।
2. ਮੈ/ਸ: ਗੁਪਤਾ ਬਿਲਡਰਜ਼, ਸੁਨਾਮ।
3. ਮੈ/ਸ: ਸੰਜੀਵ ਕੁਮਾਰ ਗੋਇਲ ਕੰਨਟਰੈਕਟਰ, ਮਾਨਸਾ।
4. ਮੈ/ਸ: ਵਿਸ਼ਵਾਸ ਕੰਨਸਟਰਕਸ਼ਨ ਕੰਪਨੀ, ਬਠਿੰਡਾ।
5. ਮੈ/ਸ: ਪੰਕਜ਼ ਜਿੰਦਲ ਕੰਨਟਰੈਕਟਰ, ਪਟਿਆਲਾ।

ਉਕਤ ਏਜੰਸੀਆਂ ਦੀਆਂ ਟੈਕਨੀਕਲ ਬਿੱਡਾਂ ਦਾ ਮੁਲਾਂਕਣ ਗਠਿਤ ਟੈਂਡਰ ਪ੍ਰੋਸੈਸਿੰਗ ਕਮੇਟੀ ਵੱਲੋ ਕੀਤਾ ਗਿਆ। ਮੈ/ਸ: ਗੁਪਤਾ ਬਿਲਡਰਜ਼, ਸੁਨਾਮ ਵੱਲੋ ਉਸ ਸਮੇਂ ਇਸ ਮੰਡਲ ਅਧੀਨ ਸਪੈਸ਼ਲ ਅਸਿਸਟੈਂਸ ਸਕੀਮ ਅਧੀਨ ਵੱਖ-ਵੱਖ ਕੰਮਾਂ ਲਈ ਵੀ ਟੈਂਡਰ ਪਾਏ ਗਏ ਸਨ, ਜਿਸ ਵਿੱਚੋਂ 2 ਨੰ: ਕੰਮਾਂ ਦੀ ਫਾਇਨੈਂਸ਼ਲ ਬਿੱਡ ਮਿਤੀ 17-4-25 ਨੂੰ ਖੋਲੀ ਜਾ ਚੁੱਕੀ ਸੀ। ਇਨ੍ਹਾਂ 02 ਨੰਬਰ ਕੰਮਾਂ ਵਿੱਚ ਮੈ/ਸ: ਗੁਪਤਾ ਬਿਲਡਰਜ਼, ਸੁਨਾਮ ਨੂੰ **L1** ਪਾਇਆ ਗਿਆ ਸੀ, ਜਿਨ੍ਹਾਂ ਦੀ ਕੁੱਲ ਅਲਾਟਿਡ ਰਕਮ ਰੁਪਏ 3048.74 ਲੱਖ ਰੁਪਏ ਸੀ। ਮੈ/ਸ: ਗੁਪਤਾ ਬਿਲਡਰਜ਼, ਸੁਨਾਮ ਦੀ ਬਿੱਡ ਕਪੈਸਟੀ ਇਨ੍ਹਾਂ ਕੰਮਾਂ ਨਾਲ ਕੈਲਕੁਲੇਟ ਕਰਨ ਤੇ (3746.47-3048.74=697.73 ਲੱਖ) ਸਿਰਫ ਰੁਪਏ 697.73 ਲੱਖ ਰਹਿ ਗਈ, ਜਿਸ ਕਾਰਣ ਅਪਰੂਵਡ ਡੀ.ਐਨ.ਆਈ.ਟੀ. ਵਿੱਚ ਦਰਜ਼ Instructions to Bidders ਦੀ ਕਲਾਜ 31.1(ii) ਅਨੁਸਾਰ ਮੈ/ਸ: ਗੁਪਤਾ ਬਿਲਡਰਜ਼, ਸੁਨਾਮ ਦੀ ਬਿੱਡ, ਬਿੱਡ ਕਪੈਸਟੀ ਘੱਟ ਹੋਣ ਕਾਰਣ ਨਾਨ-ਰਿਸਪੋਨਸਿਵ ਪਾਈ ਗਈ।

ਮੈ/ਸ: ਬੀ.ਐਸ. ਬਿਲਡਰਜ਼, ਦਿੜਬਾ ਵੱਲੋ ਅਪਲੋਡ ਕੀਤੀ ਗਈ ਟੈਕਨੀਕਲ ਬਿੱਡ ਵਿੱਚ ਏਜੰਸੀ ਵੱਲੋ ਦਰਸਾਏ ਗਏ ਬੈਚ ਟਾਇਪ ਹੋਟ ਮਿਕਸ ਪਲਾਂਟ ਦੀ ਮਿਆਦ 05 ਸਾਲਾਂ ਤੋਂ ਵੱਧ ਸੀ, ਜਿਸ ਕਾਰਣ ਮੈ/ਸ: ਬੀ.ਐਸ. ਬਿਲਡਰਜ਼, ਦਿੜਬਾ ਦੀ ਬਿੱਡ ਵੀ ਡੀ.ਐਨ.ਆਈ.ਟੀ. ਦੀ ਕਲਾਜ਼ 4.5.5 (Equipment Capability) ਅਨੁਸਾਰ ਨਾਨ-ਰਿਸਪੋਨਸਿਵ ਪਾਈ ਗਈ। ਲੜੀ ਨੰ: 4 ਅਤੇ 5 ਤੇ ਦਰਜ਼ ਏਜੰਸੀਆਂ ਵੱਲੋ ਅਪਰੂਵਡ ਡੀ.ਐਨ.ਆਈ.ਟੀ ਦੀ ਕਲਾਜ 4.5.3 ਬੀ ਅਨੁਸਾਰ Highway (Road and/or Bridge work) ਦਾ ਲੋੜੀਂਦਾ work experience ਨਾ ਹੋਣ ਕਾਰਣ ਇਨ੍ਹਾਂ ਦੋਨਾਂ ਏਜੰਸੀਆਂ ਦੀਆਂ ਦੀਆਂ ਟੈਕਨੀਕਲ ਬਿੱਡਾਂ ਨਾਨ-ਰਿਸਪੋਨਸਿਵ ਪਾਈਆਂ ਗਈਆਂ ਅਤੇ ਕੇਵਲ ਮੈ/ਸ: ਸੰਜੀਵ ਕੁਮਾਰ ਗੋਇਲ ਕੰਨਟਰੈਕਟਰ, ਮਾਨਸਾ ਦੀ ਬਿੱਡ ਰਿਸਪੋਨਸਿਵ ਪਾਈ ਗਈ।

ਉਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਪ੍ਰੋਸੈਸਿੰਗ ਕਮੇਟੀ ਵੱਲੋ ਮਿਤੀ 30-4-25 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਇਸ ਕੰਮ ਦੇ ਟੈਂਡਰ ਬਿੱਡ ਨੰ: 05 ਮਿਤੀ 02-5-2025 ਰਾਹੀਂ ਰੀ-ਕਾਲ ਕੀਤੇ ਗਏ। ਟੈਂਡਰ ਡਾਕੂਮੈਂਟਸ ਮਿਤੀ 22.05.2025 ਨੂੰ ਸਵੇਰੇ 11:00 ਵਜੇ ਤੱਕ ਵੈਬਸਾਇਟ www.eprocure.gov.in ਤੇ ਅਪਲੋਡ ਕੀਤੇ ਜਾਣੇ ਸਨ ਅਤੇ ਮਿਤੀ 23.05.2025 ਨੂੰ ਸਵੇਰੇ 11:00 ਵਜੇ ਟੈਕਨੀਕਲ ਬਿੱਡਾਂ ਖੋਲੀਆਂ ਜਾਣੀਆਂ ਸਨ। ਮਿਤੀ 23.05.2025 ਨੂੰ ਸਵੇਰੇ 11:00 ਵਜੇ ਉਪਰੋਕਤ ਵੈਬਸਾਇਟ ਤੋਂ ਪ੍ਰਾਪਤ ਹੋਈਆਂ ਟੈਕਨੀਕਲ ਬਿੱਡਾਂ ਡਾਊਨਲੋਡ ਕੀਤੀਆਂ ਗਈਆਂ। ਇਸ ਕੰਮ ਲਈ ਹੇਠ ਲਿਖੀਆਂ ਸੱਤ ਏਜੰਸੀਆਂ ਵੱਲੋਂ ਟੈਂਡਰ ਡਾਕੂਮੈਂਟਸ ਅਪਲੋਡ ਕੀਤੇ ਗਏ ਸਨ:-

1. ਮੈ/ਸ: ਬੀ.ਐਸ. ਬਿਲਡਰਜ਼, ਦਿੜਬਾ।
2. ਮੈ/ਸ: ਵਰਿੰਦਰ ਕੁਮਾਰ ਕੰਨਟਰੈਕਟਰ, ਬਰਨਾਲਾ।
3. ਮੈ/ਸ: ਸੰਜੀਵ ਕੁਮਾਰ ਗੋਇਲ ਕੰਨਟਰੈਕਟਰ, ਮਾਨਸਾ।
4. ਮੈ/ਸ: ਗੁਰਚਰਨ ਸਿੰਘ ਕੰਨਸਟਰਕਸ਼ਨਜ਼ ਪ੍ਰਾ: ਲਿਮ:, ਬਠਿੰਡਾ।
5. ਮੈ/ਸ: ਜੇ.ਕੇ.ਏ. ਐਸੋਸੀਏਟਸ, ਪੰਚਕੂਲਾ।
6. ਮੈ/ਸ: ਆਲਟਨ ਇੰਨਫਰਾ ਪ੍ਰਾ: ਲਿਮ:, ਪਟਿਆਲਾ।
7. ਮੈ/ਸ: ਕਵਾਤਰਾ ਕੰਨਸਟਰਕਸ਼ਨਜ਼, ਦਿੱਲੀ।

ਉਕਤ ਏਜੰਸੀਆਂ ਵੱਲੋਂ ਟੈਂਡਰ ਫੀਸ ਅਤੇ ਜਮਾਨਤੀ ਰਕਮ ਨੈੱਟ ਬੈਂਕਿੰਗ ਰਾਹੀਂ ਜਮ੍ਹਾਂ ਕਰਵਾਈ ਗਈ ਹੈ। ਇਨ੍ਹਾਂ ਏਜੰਸੀਆਂ ਦੀਆਂ ਟੈਕਨੀਕਲ ਬਿੱਡਾਂ ਦਾ ਮੁਲਾਂਕਣ ਗਠਿਤ ਟੈਂਡਰ ਪ੍ਰੋਸੈਸਿੰਗ ਕਮੇਟੀ ਵੱਲੋਂ ਕੀਤਾ ਗਿਆ ਅਤੇ ਪਾਇਆ ਗਿਆ ਕਿ ਲੜੀ ਨੰ.1 ਤੇ 5 ਅਤੇ 7 ਤੇ ਦਰਜ ਏਜੰਸੀਆਂ ਮੰਨਜੂਰਸ਼ੁਦਾ ਡੀ.ਐਨ.ਆਈ.ਟੀ ਦੀ ਕਲਾਜ 4.5.5 (Equipment Capability) ਅਨੁਸਾਰ ਲੋੜੀਂਦੀ ਮਸ਼ੀਨਰੀ ਵੱਖ-ਵੱਖ ਮਾਤਰਾਵਾਂ ਅਤੇ ਸਮੇਂ ਦੀ ਮਿਆਦ ਅਨੁਸਾਰ ਲੋੜੀਂਦੀ ਹੈ ਜਿਵੇਂ Tipper Truck required 10 maximum age 5-7 years, Motor Grader required 2 age 5 years, Dozer required 1 age 5 years, Front end loader, Smooth wheeled roller & vibratory roller required 2 maximum age 5 years, Batch Type Hot Mix Plant required 1 age 5 years etc.

ਸ਼ਰਤ ਨੂੰ ਪੂਰੀਆਂ ਨਹੀਂ ਕਰਦੀਆਂ ਹਨ। ਕੇਵਲ ਇੱਕ ਏਜੰਸੀ ਮੈ/ਸ: ਆਲਵਨ ਇੰਨਫਰਾ ਪ੍ਰਾ: ਲਿਮ:, ਪਟਿਆਲਾ ਹੀ ਮੰਨਜੂਰਸ਼ੁਦਾ ਡੀ.ਐਨ.ਆਈ.ਟੀ ਦੀ ਕਲਾਜ 4.5.5 (Equipment Capability) ਮਸ਼ੀਨਰੀ ਸਬੰਧੀ ਸਾਰੀਆਂ ਸ਼ਰਤਾਂ ਪੂਰੀਆਂ ਕਰਦੀ ਹੈ।

MORT&H ਦੇ ਸਰਕੂਲਰ EFile No.RW/NH-33044/25/2024-S&R(P&B) (Computer No.240989) Dated 28.08.2024 ਦੀ ਕਲਾਜ 4, ਜੋਕਿ ਹੇਠ ਲਿਖੇ ਅਨੁਸਾਰ ਹੈ:-

"In the view of above, it has been decided that single bid received in open bidding will not be rejected provided the following conditions are satisfied:

i. the procurement was satisfactory advertised and sufficient time was given for submission of bids;

ii. the qualification criteria were not unduly restrictive; and

iii. prices are reasonable in comparison to market values.

ਟਰਾਂਸਪੇਰੈਂਸੀ ਐਕਟ ਵਿੱਚ ਹੋਈ ਅਮੈਂਡਮੈਂਟ ਮਿਤੀ 16.02.2024 ਵਿੱਚ ਦਰਜ ਕਲਾਜ 8, ਜੋਕਿ ਹੇਠ ਲਿਖੇ ਅਨੁਸਾਰ ਹੈ:-

"In case the conditions provided in sub-rule (6) are not satisfied in the second bid, the competent authority may decide to proceed with single bid, recording with proper justification by the giving reasons, for the same in writing, and also ensure that the following conditions are satisfied-

(a) the procurement was satisfactory advertised and sufficient time was given for submission of bids;

ii. the qualification criteria were not unduly restrictive; and

iii. prices are reasonable in comparison to market values.

The same shall also published on the State Public Procurement Portal.

ਉਪਰੋਕਤ ਕਲਾਜਾਂ ਤੋਂ ਇਹ ਸਾਫ ਹੁੰਦਾ ਹੈ ਕਿ ਦੂਜੀ ਵਾਰ ਸਿੰਗਲ ਬਿੱਡ ਕੰਸੀਡਰ ਕੀਤੀ ਜਾ ਸਕਦੀ ਹੈ। ਇਹ ਟੈਂਡਰ ਦੂਸਰੀ ਵਾਰ ਪ੍ਰਾਪਤ ਕੀਤੇ ਗਏ ਹਨ, ਜਿਸ ਕਰਕੇ ਟੈਂਡਰ ਪ੍ਰੋਸੈਸਿੰਗ ਕਮੇਟੀ ਵੱਲੋਂ ਇਹ ਫੈਂਸਲਾ ਲਿਆ ਗਿਆ ਹੈ ਕਿ ਮੈ/ਸ: ਆਲਵਨ ਇੰਨਫਰਾ ਪ੍ਰਾ: ਲਿਮ:, ਪਟਿਆਲਾ ਜੋ ਮੰਨਜੂਰਸ਼ੁਦਾ ਟੈਂਡਰ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੀ ਹੈ, ਦੀ ਵਿੱਤੀ ਬਿੱਡ ਖੋਲ ਦਿੱਤੀ ਜਾਵੇ।

ਨਿਗਰਾਨ ਇੰਜੀਨੀਅਰ,
ਉਸਾਰੀ ਹਲਕਾ,ਭ ਤੇ ਮ ਸ਼ਾਖਾ,
ਸੰਗਰੂਰ।

ਨਿਗਰਾਨ ਇੰਜੀਨੀਅਰ,
ਉਸਾਰੀ ਹਲਕਾ,ਭ ਤੇ ਮ ਸ਼ਾਖਾ,
ਫਰੀਦਕੋਟ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ,
ਸੰਗਰੂਰ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ),
ਅੰਦਰੂਨੀ ਪੜਤਾਲ ਸੰਸਥਾ (ਮਾਲ),
ਸੰਗਰੂਰ।

Signature Not Verified
Digitally signed by Lovejeet Singh
Date: 2025.06.16 16:28:16 IST
Location: eProcure-EPROC